ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਸੁਪਰਡੰਟ (ਮਸਸ)
ਡਾਇਰੈਕਟੋਰੇਟ,
ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ।

Regd

ਨੰਬਰ:4139 ਮਿਤੀ:15/12/22

ਵਿਸ਼ਾ: ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਹੁਕਮ ਨੰ.56 ਤੋਂ 59 ਮਿਤੀ 22.09.2022 ਤੋਂ 04.10.2022 ਤੱਕ ਸਬੰਧੀ।

ਹਵਾਲਾ: ਆਪ ਜੀ ਦੇ ਦਫਤਰ ਦੇ ਪੱਤਰ ਨੰ.ਸ5-ਡਸਸ-ਮਸਸ-2022/49789 ਮਿਤੀ:02.12.2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਮੰਗੀ ਗਈ ਸੂਚਨਾ ਪੱਤਰ ਵਿੱਚ ਦਰਸਾਏ ਗਏ ਪ੍ਰੋਫਾਰਮੇ ਵਿੱਚ ਭਰਕੇ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ।

ਕਮਿਸ਼ਨਰ
ਨਗਰ ਨਿਗਮ ਫਗਵਾੜਾ

O/C

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
| --- | --- | --- | --- | --- |
| 1 | 56 ਅਤੇ 22.09.2022 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ, ਕਿ ਕਾਰ ਪਾਰਕਿੰਗ ਨੂੰ ਠੇਕੇ ਤੇ ਦੇਣ ਲਈ ਨਗਰ ਨਿਗਮ ਫਗਵਾੜਾ ਵਲੋ ਪਹਿਲੀ ਬੋਲੀ NIT No.2125 ਮਿਤੀ 06.06.2018 ਰਾਹੀ 2 ਲੱਖ + ਟੈਕਸ ਪ੍ਰਤੀ ਮਹੀਨਾ ਦੇਣ ਲਈ ਨਿਸ਼ਚਿਤ ਹੋਈ ਸੀ, ਦੂਸਰੀ ਬੋਲੀ NIT No.1113/CE ਮਿਤੀ:12.05.2022 1.80 ਲੱਖ + ਟੈਕਸ ਪ੍ਰਤੀ ਮਹੀਨਾ ਤੇ ਅਤੇ ਤੀਸਰੀ ਬੋਲੀ NIT No.1113/CE ਮਿਤੀ :15.06.2022 1.80 ਲੱਖ + ਟੈਕਸ ਪ੍ਰਤੀ ਮਹੀਨਾ ਤੇ ਕਾਰ ਪਾਰਕਿੰਗ ਨੂੰ ਠੇਕੇ ਤੇ ਚਾੜਨ ਲਈ ਲਗਾਈ ਗਈ ਪ੍ਰਤੂੰ ਉਕਤ ਬੋਲੀਆਂ ਮੁੰਕਮਲ ਨਾ ਹੋਣ ਤੇ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਾਰ ਪਾਰਕਿੰਗ ਦੇ ਕੰਮ ਨੂੰ ਨਗਰ ਨਿਗਮ ਫਗਵਾੜਾ ਵਲੋ ਆਪਣੇ ਪੱਧਰ ਤੇ ਚਲਾਇਆ ਗਿਆ ਹੈ। ਜਿਸ ਵਿੱਚ ਨਗਰ ਨਿਗਮ ਦੇ 6 ਕਰਮਚਾਰੀ ਕਾਰ ਪਾਰਕਿੰਗ ਵਿਖੇ ਤੈਨਾਤ ਕੀਤੇ ਗਏ ਹਨ ਤਾਂ ਜੋ ਕਾਰ ਪਾਰਕਿੰਗ ਨੂੰ ਸੂਚਾਰੂ ਢੰਗ ਨਾਲ ਚਲਾਇਆ ਜਾ ਸਕੇ ਜਿਸ ਦੌਰਾਨ ਨਗਰ ਨਿਗਮ ਫਗਵਾੜਾ ਨੂੰ 1 ਲੱਖ 5 ਹਜਾਰ ਪ੍ਰਤੀ ਮਹੀਨਾ ਕਾਰ ਪਾਰਕਿੰਗ ਫੀਸ ਅਤੇ ਪ੍ਰਤੀ ਦਿਨ ਲਗਭਗ 3000 ਤੋ 3300 ਰੁਪਏ ਆਮਦਨ ਹੁੰਦੀ ਹੈ,ਇੱਥੇ ਇਹ ਦੱਸਿਆ ਜਾਂਦਾ ਹੈ ਕਿ ਕਾਰ ਪਾਰਕਿੰਗ ਵਿੱਚ Profit ਦਾ ਹਿਸਾਬ ਨਹੀ ਕੀਤਾ ਜਾ ਸਕਦਾ ਕਿਉ ਜੋ ਪਾਰਕਿੰਗ ਪਬਲਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਬਣਾਈ ਗਈ ਹੈ।ਪਬਲਿਕ ਪਾਰਕਿੰਗ ਵਿੱਚ ਪੈਸੇ ਦੇਣ ਤੋ ਗੁਰੇਜ਼ ਕਰਦੀ ਹੈ ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜਿਸ ਜਗ੍ਹਾ ਸ਼ਹਿਰ 'ਚ ਪਾਰਕਿੰਗ ਬਣਾਈ ਗਈ ਹੈ ਉਹ ਸ਼ਹਿਰ ਦਾ ਮੇਨ ਬਜ਼ਾਰ ਹੈ,ਇੱਥੇ ਹਜਾਰਾ ਦੀ ਗਿਣਤੀ ਵਿੱਚ ਸਾਇਕਲ ,ਸਕੂਟਰ ਤੇ ਕਾਰਾਂ ਆਉਦੀਆ ਹਨ ਅਤੇ ਹਰ ਸਮੇਂ ਬਜ਼ਾਰ ਬਲਾਕ ਹੀ ਰਹਿੰਦਾ ਹੈ ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕਾਰ ਪਾਰਕਿੰਗ ਅਗਰ ਘੱਟ ਪੈਸਿਆ 'ਚ ਵੀ ਠੇਕੇ ਤੇ ਹੁੰਦੀ ਹੈ ਤਾਂ ਇਹ ਜਨ ਹਿੱਤ ਵਿੱਚ ਹੋਵੇਗਾ।ਇਸ ਲਈ ਨਗਰ ਨਿਗਮ ਤੇ ਪੈ ਰਹੇ ਵਿੱਤੀ ਬੋਝ ਨੂੰ ਮੁੱਖ ਰੱਖਦੇ ਹੋਏ ਬਹਿਤਰ ਹੋਵੇਗਾ ਕਿ ਪਾਰਕਿੰਗ ਨੂੰ 1 ਲੱਖ 5 ਹਜਾਰ + ਟੈਕਸ ਪ੍ਰਤੀ ਮਹੀਨਾ ਰਿਜ਼ਰਵ Price Fixation ਤੋ ਬਾਅਦ Online Bid ਰਾਹੀ ਹੇਠ ਲਿਖੇ ਪ੍ਰਪੋਜ਼ਲ ਅਨੁਸਾਰ ਠੇਕੇ ਤੇ ਦੇਣ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ ਹੈ ਜੀ।<br>1. **Two Wheeler** — 10 ਰੁਪਏ ਪ੍ਰਤੀ 3 ਘੰਟੇ<br>2. **Four Wheeler (Car/Jeep)** — 20 ਰੁਪਏ ਪ੍ਰਤੀ 3 ਘੰਟੇ<br>3. **Four Wheeler ( Heavy Vehicle)** — **50** ਰੁਪਏ ਪ੍ਰਤੀ 3 ਘੰਟੇ | ਪੁਆਇੰਟ - F | ਪ੍ਰਵਾਨ ਹੈ। |

Scanned with CamScanner

<table>
<tr><td>2</td><td>57 ਅਤੇ<br>04.10.2022</td><td>ਰਿਪੋਰਟ ਵੱਲੋ ਸੁਪਰਡੰਟ, ਨਗਰ ਨਿਗਮ ਫਗਵਾੜਾ ਸਮੇਤ ਸਿਫਾਰਸ਼ ਨਿਗਰਾਨ ਇੰਜੀਨੀਅਰ ਕਿ ਬੰਗਾ ਰੋਡ ਫਗਵਾੜਾ ਵਿਖੇ ਜੋ ਭਗਵਾਨ ਸ੍ਰੀ ਵਾਲਮੀਕ ਜੀ ਦਾ ਮੰਦਰ ਹੈ, ਉਸ ਦੀ ਸੰਸਥਾ ਵੱਲੋਂ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਨੂੰ ਮਿਤੀ 03.10.2022 ਨੂੰ ਦਰਖਾਸਤ ਦਿੱਤੀ ਗਈ ਕਿ ਬੰਗਾ ਰੋਡ/ਚੌਂਕ ਬਹੁਤ ਖਸਤਾ ਹਾਲਤ ਵਿੱਚ ਹੈ। ਇਸ ਦਾ ਸੁਧਾਰ ਕੀਤਾ ਜਾਵੇ ਅਤੇ ਸੰਸਥਾ ਵੱਲੋ ਇਹ ਵੀ ਬੇਨਤੀ ਕੀਤੀ ਗਈ ਕਿ ਭਗਵਾਨ ਸ਼੍ਰੀ ਵਾਲਮੀਕ ਜੀ ਮੰਦਰ ਦੇ ਸਾਹਮਣੇ ਵਾਲੇ ਚੌਂਕ ਦਾ ਨਾਮ ਭਗਵਾਨ ਸ਼੍ਰੀ ਵਾਲਮੀਕ ਜੀ ਦੇ ਨਾਮ ਤੇ ਰਖਿਆ ਜਾਵੇ। ਦਫਤਰੀ ਰਿਕਾਰਡ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਬੰਗਾ ਰੋਡ/ਚੌਂਕ ਦਾ ਪਹਿਲਾ ਕੋਈ ਵੀ ਨਾਮ ਨਹੀ ਰਖਿਆ ਗਿਆ ਹੈ। ਸੰਸਥਾ ਦੀ ਦਰਖਾਸਤ ਬਾਬਤ ਨਗਰ ਨਿਗਮ ਵੱਲੋਂ ਮਹਿਕਮਾ P.W.D. ਤੋਂ ਐਨ.ਓ.ਸੀ. ਦੀ ਮੰਗ ਕੀਤੀ ਗਈ ਸੀ। ਉਹਨਾਂ ਵੱਲੋ ਆਪਣੇ ਪੱਤਰ ਨੰ.222 ਮਿਤੀ: 03.10.2022 ਰਾਹੀਂ ਇਤਰਾਜ-ਹੀਣਤਾ ਸਰਟੀਫਿਕੇਟ ਦੇ ਦਿੱਤਾ ਗਿਆ ਹੈ। ਇਸ ਲਈ ਇਸ ਚੌਂਕ ਦਾ ਨਾਮ ਭਗਵਾਨ ਸ਼੍ਰੀ ਵਾਲਮੀਕ ਜੀ ਦੇ ਨਾਮ ਤੇ ਰੱਖਣ ਲਈ ਤਜਵੀਜ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ।</td><td>ਪੁਆਇੰਟ - J</td><td>ਪ੍ਰਵਾਨ ਹੈ।</td></tr>
<tr><td>3</td><td>59 ਅਤੇ<br>04.10.2022</td><td>ਰਿਪੋਰਟ ਵੱਲੋਂ ਸੁਪਰਡੰਟ ਨਗਰ ਨਿਗਮ ਫਗਵਾੜਾ ਕਿ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਉਕਤ ਹਵਾਲੇ ਅਧੀਨ ਹੁਕਮਾਂ ਅਨੁਸਾਰ 5 ਮੈਂਬਰੀ ਕਮੇਟੀ ਬਣਾਈ ਗਈ ਸੀ। ਉਕਤ ਹੁਕਮਾਂ ਦੀ ਪਾਲਣਾ ਹਿੱਤ ਨਗਰ ਨਿਗਮ ਫਗਵਾੜਾ ਦੇ ਸਮੂਹ ਸ਼ਾਖਾ ਮੁੱਖੀਆਂ ਨੂੰ ਪੱਤਰ ਨੰ.2809 ਮਿਤੀ:31.08.2022 ਜਾਰੀ ਕੀਤਾ ਗਿਆ ਸੀ। ਜਿਸ ਵਿੱਚ ਕੰਢਮ ਸਮਾਨ ਦੀ ਲਿਸਟ ਸਮੇਤ ਸਪੱਸ਼ਟ ਰਿਪੋਰਟ ਤਿਆਰ ਕਰਕੇ ਮਿਤੀ:02.09.2022 ਤੱਕ ਇਸ ਕੰਮ ਲਈ ਨਿਯੁਕਤ ਕੀਤੇ ਗਏ ਨੋਡਲ ਅਫਸਰ ਸ਼੍ਰੀ ਅਜੀਤ ਸਿੰਘ, ਸੁਪਰਡੰਟ, ਨਗਰ ਨਿਗਮ ਫਗਵਾੜਾ ਨੂੰ ਉਪਲੱਬਧ ਕਰਵਾਉਣ ਲਈ ਲਿਖਿਆ ਗਿਆ ਸੀ। ਜਿਸ ਉਪਰੰਤ ਵੱਖ-ਵੱਖ ਕੰਢਮ ਸਮਾਨ ਦੀਆਂ ਲਿਸਟਾਂ ਬ੍ਰਾਂਚ ਵਾਈਸ ਪ੍ਰਾਪਤ ਹੋਈਆ, ਜਿਸ ਸਬੰਧੀ ਮਿਤੀ:20.09.2022 ਨੂੰ ਸਮਾਂ ਦੁਪਹਿਰ 12:00 ਵਜੇ ਸ਼੍ਰੀ ਅਸ਼ੀਸ਼ ਕੁਮਾਰ ਕਾਰਜ ਸਾਧਕ ਅਫਸਰ, ਨਗਰ ਨਿਗਮ ਫਗਵਾੜਾ ਜੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਰੱਖੀ ਗਈ ਜਿਸ ਵਿੱਚ ਕਮੇਟੀ ਦੇ ਮੈਂਬਰ ਹਾਜਰ ਹੋਏ ਅਤੇ ਉਹਨਾਂ ਵੱਲੋਂ ਕੰਢਮ ਸਮਾਨ ਦੀ Physical Verification ਕਰਨ ਤੋਂ ਬਾਅਦ ਸਰਕਾਰ ਦੇ ਨਿਯਮਾਂ ਅਤੇ ਹਦਾਇਤਾਂ ਮੁਤਾਬਕ ਅਗਲੇਰੀ ਲੋੜੀਂਦੀ ਕਾਰਵਾਈ ਕਰਦੇ ਹੋਏ ਮਾਰਕਿਟ ਵਿੱਚੋਂ ਕੁਟੇਸ਼ਨਾਂ ਪ੍ਰਾਪਤ ਕਰਨ ਲਈ ਸ਼੍ਰੀ ਰਾਜੇਸ਼ ਕੁਮਾਰ ਪੱਬੀ ਜੇ.ਈ ਅਤੇ ਸ਼੍ਰੀ ਰਾਕੇਸ਼ ਕੁਮਾਰ ਜੇ.ਈ ਦੀ ਡਿਊਟੀ ਲਗਾਈ ਗਈ। ਇਸ ਸਬੰਧੀ ਉਕਤ ਅਧਿਕਾਰੀਆਂ ਵੱਲੋਂ ਮਾਰਕਿਟ ਵਿੱਚੋਂ 3 ਕੁਟੇਸ਼ਨਾ ਪ੍ਰਾਪਤ ਕੀਤੀਆਂ ਗਈਆਂ ਜਿਸ ਮੁਤਾਬਕ Comparative Statement ਤਿਆਰ ਕੀਤੀ ਗਈ।ਜਿਸ ਅਨੁਸਾਰ ਕੰਢਮ ਸਮਾਨ ਦੇ ਵੱਧ ਤੋਂ ਵੱਧ ਰੇਟ ਹੇਠ ਦਰਸਾਈ ਗਈ ਲਿਸਟ ਮੁਤਾਬਕ ਹਨ:-<br><br>1. ਵੇਸਟ ਨਿਊਜ਼ ਪੇਪਰ = 25.50/- ਰੁਪਏ ਪ੍ਰਤੀ ਕਿਲੋ<br>2. ਸਕਰੈਪ ਪੋਲ = 43.50/- ਰੁਪਏ ਪ੍ਰਤੀ ਕਿਲੋ<br>3. H.P S.V Fitting 70 watts = 71/- ਰੁਪਏ ਪ੍ਰਤੀ ਪੀਸ<br>4. H.P S.V Choke 70 watts = 89/- ਰੁਪਏ ਪ੍ਰਤੀ ਪੀਸ<br>5. H.P S.V Fitting 150 watts = 100/- ਰੁਪਏ ਪ੍ਰਤੀ ਪੀਸ<br>6. H.P S.V Choke 150 watts = 152/- ਰੁਪਏ ਪ੍ਰਤੀ ਪੀਸ<br>7. H.P S.V Fitting 400 watts = 210/- ਰੁਪਏ ਪ੍ਰਤੀ ਪੀਸ<br>8. H.P S.V Choke 400 watts = 218/- ਰੁਪਏ ਪ੍ਰਤੀ ਪੀਸ<br>9. Tube set 40 watts = 39/- ਰੁਪਏ ਪ੍ਰਤੀ ਪੀਸ<br>10. Tube Chowk = 30/- ਰੁਪਏ ਪ੍ਰਤੀ ਪੀਸ</td><td>ਪੁਆਇੰਟ - F</td><td>ਪ੍ਰਵਾਨ ਹੈ।</td></tr>
</table>

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401

Office: 01824-260426

Website: www.mcphagwara.co.in Email: cmcphagwara123@gmail.com


| | | | | |
|---|---|---|---|---|
| | | ਇੱਥੇ ਇਹ ਵੀ ਦੱਸਣਯੋਗ ਹੈ ਕਿ ਨਗਰ ਨਿਗਮ ਫਗਵਾੜਾ ਵਿਖੇ ਪਏ ਕੰਡਮ ਟਰੈਕਟਰ ਅਤੇ 2 ਅੰਬੈਸਡਰ ਕਾਰਾਂ ਦੀ ਇਵੈਲੂਏਸ਼ਨ ਕਰਵਾਉਣ ਲਈ ਮਿਤੀ:30.09.2022 ਨੂੰ ਮੋਟਰ ਵਹਿਕਲ ਇੰਸਪੈਕਟਰ, ਜਲੰਧਰ ਨੂੰ ਪੱਤਰ ਜਾਰੀ ਕੀਤਾ ਗਿਆ ਹੈ। ਇਸ ਲਈ 1 ਟਰੈਕਟਰ ਅਤੇ 2 ਅੰਬੈਸਡਰ ਕਾਰਾਂ ਦੀ ਬੋਲੀ ਸਬੰਧੀ ਪ੍ਰਕਰੀਆ ਰਿਪੋਰਟ ਆਉਣ ਉਪਰੰਤ ਹੀ ਕੀਤੀ ਜਾਵੇਗੀ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵੱਧ ਤੋਂ ਵੱਧ ਰੇਟ/ਰਿਜ਼ਰਵ ਪ੍ਰਾਈਸ ਫੀਕਸ ਕਰਨ, 50 ਹਜਾਰ ਸੀਕਿਓਰਟੀ ਫੀਸ ਨਗਰ ਨਿਗਮ ਦੇ ਫੰਡ ਵਿੱਚ ਜਮਾਂ ਕਰਵਾਉਣ ਉਪਰੰਤ ਬੋਲੀ ਲਗਾਉਣ, ਵੱਖ-ਵੱਖ 3 ਅਖਬਾਰਾਂ ਵਿੱਚ ਕੰਡਮ ਸਮਾਨ ਦੀ ਬੋਲੀ ਸਬੰਧੀ ਇਸ਼ਤਿਹਾਰ ਦੇਣ ਹਿੱਤ ਅਤੇ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਸਮਾਨ By-weight ਸ਼ਾਖਾ ਮੁੱਖੀ ਵੱਲੋਂ ਚੈਕ ਕਰਵਾਉਣ ਉਪਰੰਤ ਹੀ ਸਪੁਰਦ ਕੀਤਾ ਜਾਵੇਗਾ ਜਿਸ ਦੀ ਨਿਰੋਲ ਜਿੰਮੇਵਾਰੀ ਸ਼ਾਖਾ ਮੁੱਖੀ ਦੀ ਹੋਵੇਗੀ। ਇਸ ਲਈ ਉਕਤ ਅਨੁਸਾਰ ਬੋਲੀ ਕਰਾਉਣ ਅਤੇ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ। | | |

ਕਮਿਸ਼ਨਰ
ਨਗਰ ਨਿਗਮ ਫਗਵਾੜਾ

Scanned with CamScanner